# ਸਿਟੀ ਵਿੱਚ ਕੀ ਕੀ ਹੈ ਨਵਾਂ ਜਨਵਰੀ 2022

ABBOTSFORD

## ਕਮਿਊਨਿਟੀ ਰਿਪੋਰਟ

ਕਮਿਊਨਿਟੀ ਰਿਪੋਰਟ ਦੇਖੋ ਜੋ 2021 ਦੇ ਟੀਚਿਆਂ ਅਤੇ ਪ੍ਰਾਪਤੀਆਂ ਬਾਰੇ ਅੱਪਡੇਟ ਪ੍ਰਦਾਨ ਕਰਦੀ ਹੈ ਜੋ ਕਿ ਫਰਵਰੀ ਵਿਚ ਪੇਪਰਾਂ ਵਿਚ ਅਤੇ **abbotsford.ca** 'ਤੇ ਔਨਲਾਈਨ ਹੈ।

## ਵਲੰਟੀਅਰ ਮੌਕੇ



ਐਬਟਸਫੋਰਡ ਸ਼ਹਿਰ ਕੋਲ ਵਲੰਟੀਅਰ ਹੋਣ ਦੇ ਬਹੁਤ ਸਾਰੇ ਮੌਕੇ ਹਨ ਅਤੇ ਸਾਨੂੰ ਤੁਹਾਡੀ ਲੋੜ ਹੈ! ਜੇਕਰ ਤੁਸੀਂ ਸਮਾਗਮਾਂ, ਸਫਾਈ, ਟ੍ਰੈਫਿਕ ਨਿਯੰਤਰਣ ਜਾਂ ਹੋਰ ਪ੍ਰੋਗਰਾਮਾਂ ਲਈ ਵਲੰਟੀਅਰ ਬਣਨ ਵਿੱਚ ਦਿਲਚਸਪੀ ਰੱਖਦੇ ਹੋ, ਤਾਂ ਔਨਲਾਈਨ ਅਪਲਾਈ ਕਰਨ ਲਈ **abbotsford.ca/volunteer** 'ਤੇ ਜਾਓ।

## ਲੈਟਸ ਟਾਕ ਐਬਟਸਫੋਰਡ

ਲੈਟਸ ਟਾਕ 'ਤੇ ਜਾਓ, ਸਿਟੀ ਆਫ਼ ਐਬਟਸਫੋਰਡ ਦੇ ਔਨਲਾਈਨ ਸ਼ਮੂਲੀਅਤ ਪੋਰਟਲ ਜਿੱਥੇ ਤੁਸੀਂ ਆਪਣੀ ਗੱਲ ਰੱਖ ਸਕਦੇ ਹੋ ਅਤੇ ਸਿਟੀ ਦੁਆਰਾ ਕੰਮ ਕਰ ਰਹੇ ਪ੍ਰੋਜੈਕਟਾਂ ਬਾਰੇ ਅਪ ਟੂ ਡੇਟ ਰਹਿ ਸਕਦੇ ਹੋ। ਰਜਿਸਟਰ ਕਰਨ ਅਤੇ ਆਪਣੇ ਵਿਚਾਰ ਸਾਂਝੇ ਕਰਨ ਲਈ **letstalkabbotsford.ca** 'ਤੇ ਜਾਓ।

## PRC ਨਾਲ਼ ਕਿਰਿਆਸ਼ੀਲ ਹੋਵੋ



6 ਮਹੀਨੇ ਜਾਂ ਸਾਲਾਨਾ ਪਾਸ ਦੀ ਖਰੀਦ ਨਾਲ ਮਨੋਰੰਜਨ 'ਤੇ ਵਾਪਸ ਆਓ ਅਤੇ ਬਚਤ ਕਰੋ! ਐਬਟਸਫੋਰਡ ਦੇ ਬਜ਼ੁਰਗ 75 ਸਾਲ+ ਤੈਰਾਕੀ, ਸਕੇਟਿੰਗ ਅਤੇ ਜਿਮਨੇਜ਼ੀਅਮ ਖੇਡਾਂ ਵਰਗੀਆਂ ਗਤੀਵਿਧੀਆਂ ਲਈ ਮੁਫਤ ਡ੍ਰੌਪਿਨਸ ਦਾ ਆਨੰਦ ਵੀ ਲੈ ਸਕਦੇ ਹਨ। **abbotsford.ca/admission-passes#admissions** 'ਤੇ ਜਾਓ।

## PRC ਵਿੰਟਰ ਪ੍ਰੋਗਰਾਮ



ਇਸ ਸਮੇਂ ਸਰਦੀਆਂ ਦੇ ਪ੍ਰੋਗਰਾਮ ਚੱਲ ਰਹੇ ਹਨ। ਸਾਡੇ ਮਜ਼ੇਦਾਰ ਬੱਚਿਆਂ ਦੇ ਪ੍ਰੋਗਰਾਮਾਂ ਦੀ ਚੋਣ ਨਾਲ ਬੱਚਿਆਂ ਨੂੰ ਸਰਗਰਮ ਅਤੇ ਮਨੋਰੰਜਨ ਵਿੱਚ ਰੱਖੋ। **direct2rec.com** 'ਤੇ ਕੋਰਸ ਦੀ ਜਾਣਕਾਰੀ ਅਤੇ ਰਜਿਸਟ੍ਰੇਸ਼ਨ ਦੇਖੋ।

## ਸਨੋਅ ਅਤੇ ਆਈਸ ਕੰਟਰੋਲ ਪ੍ਰੋਗਰਾਮ



ਐਬਟਸਫੋਰਡ ਸ਼ਹਿਰ ਲਗਭਗ 910 ਕਿਲੋਮੀਟਰ ਪੱਕੇ ਰੋਡਵੇਜ਼ ਦਾ ਰੱਖ-ਰਖਾਅ ਅਤੇ ਪ੍ਰਬੰਧਨ ਕਰਦਾ ਹੈ। ਇਹ ਪਤਾ ਲਗਾਉਣ ਲਈ ਕਿ ਅਸੀਂ ਬਰਫ਼ ਸਾਫ਼ ਕਰਨ ਅਤੇ ਸਾਡੇ ਤਰਜੀਹੀ ਸਾਫ਼ ਕਰਨ ਵਾਲੇ ਰੂਟਾਂ ਦਾ ਪ੍ਰਬੰਧਨ ਕਿਵੇਂ ਕਰਦੇ ਹਾਂ, ਇੱਥੇ ਜਾਓ: **abbotsford.ca/snowandice**

## ਸਿਟੀ ਸਰਵਿਸਸ ਐਪ ਨੂੰ ਡਾਊਨਲੋਡ ਕਰੋ!



ਕੀ ਤੁਸੀਂ ਕਿਸੇ ਮੁੱਦੇ ਦੀ ਰਿਪੋਰਟ ਕਰਨਾ ਚਾਹੁੰਦੇ ਹੋ, ਜਾਂ ਮੇਅਰ ਅਤੇ ਕੌਂਸਲ ਨਾਲ ਜੁੜਨਾ ਚਾਹੁੰਦੇ ਹੋ ਜਾਂ ਕਮਿਊਨਿਟੀ ਇਵੈਂਟਸ ਬਾਰੇ ਨਵੀਨਤਮ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹੋ? ਆਪਣੇ ਸਮਾਰਟ ਡਿਵਾਈਸ 'ਤੇ ਸਿਟੀ ਸਰਵਿਸਿਜ਼ ਐਪ ਨੂੰ ਡਾਊਨਲੋਡ ਕਰੋ ਅਤੇ ਤੁਹਾਡੀਆਂ ਉਂਗਲਾਂ 'ਤੇ ਪਹੁੰਚ ਪ੍ਰਾਪਤ ਕਰੋ। ਐਪਲ ਸਟੋਰ ਜਾਂ ਗੂਗਲ ਪਲੇ ਰਾਹੀਂ ਡਾਊਨਲੋਡ ਕਰੋ।

## ਸਿਟੀ ਕੌਂਸਲ ਜਾਣਕਾਰੀ



ਸਾਰੀਆਂ ਮੀਟਿੰਗਾਂ, ਜਦੋਂ ਤੱਕ ਹੋਰ ਨਿਯਤ ਨਹੀਂ ਕੀਤੀਆਂ ਜਾਂਦੀਆਂ, ਸੋਮਵਾਰ ਨੂੰ ਸਿਟੀ ਹਾਲ, 32315 ਸਾਊਥ ਫਰੇਜ਼ਰ ਵੇਅ, ਐਬਟਸਫੋਰਡ ਦੇ ਨੇੜੇ ਸਥਿਤ ਮੈਟਸਕੀ ਸੈਂਟੀਨਿਅਲ ਆਡੀਟੋਰੀਅਮ ਵਿੱਚ ਹੁੰਦੀਆਂ ਹਨ। ਕਾਰਜਕਾਰੀ ਮੀਟਿੰਗਾਂ ਮਹੀਨੇ ਵਿੱਚ ਦੋ ਵਾਰ ਸ਼ਾਮ 3 ਵਜੇ ਸ਼ੁਰੂ ਹੁੰਦੀਆਂ ਹਨ ਅਤੇ ਜਨਤਕ ਸੁਣਵਾਈਆਂ (ਨਿਯਤ ਕੀਤੇ ਅਨੁਸਾਰ) ਅਤੇ ਨਿਯਮਤ ਕੌਂਸਲ (ਮਹੀਨੇ ਵਿੱਚ ਦੋ ਵਾਰ) ਮੀਟਿੰਗਾਂ ਸ਼ਾਮ 6 ਵਜੇ ਸ਼ੁਰੂ ਹੁੰਦੀਆਂ ਹਨ। ਸਮੁੱਚੀ ਕਮੇਟੀ ਦੀ ਮੀਟਿੰਗ ਮਹੀਨੇ ਵਿੱਚ ਇੱਕ ਵਾਰ ਸਵੇਰੇ 11 ਵਜੇ ਸ਼ੁਰੂ ਹੋਵੇਗੀ।

## ਸਿਟੀ ਕੌਂਸਲ ਬ੍ਰਾਡਕਾਸਟ

ਸਿਟੀ ਕੌਂਸਲ ਮੀਟਿੰਗਾਂ ਅਤੇ ਏਜੰਡੇ **abbotsford.ca/ams** ਵਿਖੇ ਉਪਲਬਧ ਹਨ। **abbotsford.ca/watchcouncilonline** ਵਿਖੇ ਕੌਂਸਲ ਦੀਆਂ ਮੀਟਿੰਗਾਂ ਆਨਲਾਈਨ ਦੇਖੋ।

## ਕੌਂਸਲ ਮੀਟਿੰਗ ਵੇਰਵਾ

| | |
|---|---|
| ਜਨਵਰੀ 24: | ਸ਼ਾਮ 3 ਵਜੇ ਐਗਜ਼ੈਕੁਟਿਵ ਕਮੇਟੀ |
| | ਸ਼ਾਮ 6 ਵਜੇ ਪਬਲਿਕ ਹੀਅਰਿੰਗ/ ਰੈਗੂਲਰ ਕੌਂਸਲ |
| ਜਨਵਰੀ 31: | ਕੋਈ ਮੀਟਿੰਗ ਨਹੀਂ |
| ਫਰਵਰੀ 7 : | ਸ਼ਾਮ 3 ਵਜੇ ਐਗਜ਼ੈਕੁਟਿਵ ਕਮੇਟੀ |
| | ਸ਼ਾਮ 6 ਵਜੇ ਪਬਲਿਕ ਹੀਅਰਿੰਗ/ ਰੈਗੂਲਰ ਕੌਂਸਲ |
| ਫਰਵਰੀ 14: | ਕਮੇਟੀ ਆਫ ਦਾ ਹੋਲ |
| ਫਰਵਰੀ 21: | ਸ਼ਾਮ 3 ਵਜੇ ਐਗਜ਼ੈਕੁਟਿਵ ਕਮੇਟੀ |
| | ਸ਼ਾਮ 6 ਵਜੇ ਪਬਲਿਕ ਹੀਅਰਿੰਗ/ ਰੈਗੂਲਰ ਕੌਂਸਲ |